नामांक Roll No.

Sl.No. :

| | | | | | | |
|---|---|---|---|---|---|---|
| | | | | | | |

No. of Questions – 22
No. of Printed Pages – 07

**S-75-Punjabi (T.L.)**

Tear here

# माध्यमिक परीक्षा, 2022
# SECONDARY EXAMINATION, 2022
# पंजाबी
## PUNJABI
### (THIRD LANGUAGE)

**Time : 2 Hours 45 Minutes**
**Maximum Marks : 80**

प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER

## ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ ’ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖਣ ।

2. ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਹਾਮਣੇ ਅੰਕਿਤ ਹਨ । ਪ੍ਰਸ਼ਨ ਨੰਬਰ 16 ਤੋਂ 22 ਤੱਕ ਆਂਤਰਿਕ ਵਿਕੱਲਪ ਹਨ ।

3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ ’ਤੇ ਹੀ ਲਿਖੋ । ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਾਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ ’ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

यहाँ से काटिए

## <u>ਖੰਡ – ੳ</u>

**1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ :-** **[12 × 1 = 12]**

i) ਕੁਛ ਕਿਹਾ ਤਾਂ.............(ਗ਼ਜ਼ਲ) ਦਾ ਕਵੀ ਹੈ –

ੳ) ਭਾਈ ਵੀਰ ਸਿੰਘ ਅ) ਧਨੀ ਰਾਮ ਚਾਤ੍ਰਿਕ

ੲ) ਸੁਰਜੀਤ ਪਾਤਰ ਸ) ਅੰਮ੍ਰਿਤਾ ਪ੍ਰੀਤਮ

ii) ਕਵੀ ਭਾਈ ਵੀਰ ਸਿੰਘ ਦੀ ਕਵਿਤਾ ਹੈ –

ੳ) ਸੁਖੀ ਜੀਉਣ ਦੀ ਕੁੰਜੀ ਅ) ਸੁੰਨੇ ਸੁੰਨੇ ਰਾਹਾਂ ਵਿਚ

ੲ) ਤਮਗ਼ੇ ਸ) ਮੇਰੀ ਜਿੰਦੇ !

iii) ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਬ ਮਹਿ ਚਾਨਣੁ ਹੋਇ ॥
ਇਹ ਸਤਰਾਂ ਕਿਸ ਕਵੀ ਦੀਆਂ ਹਨ –

ੳ) ਗੁਰੂ ਅਮਰ ਦਾਸ ਜੀ ਅ) ਗੁਰੂ ਨਾਨਕ ਦੇਵ ਜੀ

ੲ) ਭਾਈ ਗੁਰਦਾਸ ਜੀ ਸ) ਸ਼ੇਖ ਫ਼ਰੀਦ ਜੀ

iv) ਮਾਸ਼ੂਕਾਂ ਦੀ ਚਾਲ ਪੁਰਾਣੀ ਗੱਲਾਂ ਨਾਲ ਰਿੜਕਣਾ ਪਾਣੀ,
ਨਾ ਮਰਨਾ, ਨਾ ਮੰਜੀ ਚਾਣੀ ਲਾਈ ਰਖਣੀ ਲਾਰ ।
ਇਹ ਸਤਰਾਂ ਕਿਸ ਕਵਿਤਾ ਵਿੱਚੋ ਹਨ –

ੳ) ਨਵੀਂ ਬਹਾਰ ਅ) ਚਾਨਣ ਦੀ ਫੁਲਕਾਰੀ

ੲ) ਕਿੱਕਰ ਸ) ਨਾ ਤਿਸੁ ਭਾਰੇ ਪਰਬਤਾਂ

v) ‘ਕਿਰਤ’ ਨਿਬੰਧ ਦੇ ਨਿਬੰਧਕਾਰ ਹਨ –

ੳ) ਹਰਪ੍ਰੀਤ ਕੌਰ ਅ) ਪ੍ਰੋ. ਪੂਰਨ ਸਿੰਘ

ੲ) ਬਲਜਿੰਦਰ ਸਿੰਘ ਭੁੱਲਰ ਸ) ਹਰਪਾਲ ਸਿੰਘ ਲੱਖੀਆਂ

vi) “ਇਸ ਗ਼ਲਤੀ ਦਾ ਸਦਮਾ ਉਮਰ ਭਰ ਰਹੇਗਾ” ਇਹ ਸ਼ਬਦ ਕਿਸ ਨਿਬੰਧ ਵਿੱਚ ਵਰਤੇ ਗਏ ਹਨ :-

ੳ) ਫ਼ਲਾਇੰਗ ਸਿੱਖ-ਮਿਲਖਾ ਸਿੰਘ ਅ) ਭਾਈ ਮਰਦਾਨਾ ਜੀ

ੲ) ਗੰਗਾਦੀਨ ਸ) ਰਾਜਸਥਾਨ ਦੇ ਪ੍ਰਸਿੱਧ ਕਿਲ੍ਹੇ

vii) ‘ਦੁੱਧ ਦਾ ਛੱਪੜ’ ਕਹਾਣੀ ਦੇ ਕਹਾਣੀਕਾਰ ਹਨ –

ੳ) ਗੁਰਬਚਨ ਸਿੰਘ ਭੁੱਲਰ ਅ) ਸੰਤ ਸਿੰਘ ਸੇਖੋਂ

ੲ) ਕੁਲਵੰਤ ਸਿੰਘ ਵਿਰਕ ਸ) ਸੰਤੋਖ ਸਿੰਘ ਧੀਰ

viii) “ਸਭ ਦੂਰ ਹੋ ਜੂ, ਦੁਗਾਠ ਬਚ ਰਹੇ, ਬਾਣ ਬਥੇਰਾ ।”
ਇਹ ਵਾਕ ਕਿਸ ਕਹਾਣੀ ਵਿੱਚੋਂ ਹਨ –

ੳ) ਖ਼ੂਨ ਅ) ਦੁੱਧ ਦਾ ਛੱਪੜ

ੲ) ਪੇਸੀ ਦੇ ਨਿਆਣੇ ਸ) ਸ਼ਾਂਝੀ ਕੰਧ

ix) "ਕੰਡਾ ਚੁੱਭਣ ਕਰਕੇ ਪੈਰ ਵਿਚੋਂ ਚੀਸਾਂ ਨਿਕਲ ਰਹੀਆਂ ਹਨ ।"

ਉਪਰੋਕਤ ਵਾਕ 'ਚ ਆਏ ਬਹੁ-ਅਰਥਕ ਸ਼ਬਦ 'ਕੰਡਾ' ਦਾ ਸਹੀ ਅਰਥ ਹੈ -

ੳ) ਆਸਰਾ ਅ) ਰਸਤੇ ਦੀ ਰੁਕਾਵਟ

ੲ) ਸੂਲ ਸ) ਤੱਕੜ

x) 'ਇੱਜ਼ਤ' ਸ਼ਬਦ ਦਾ ਸਮਾਨਰਥਕ ਸ਼ਬਦ ਚੁਣੋ -

ੳ) ਬੇਇੱਜ਼ਤ ਅ) ਦੌਲਤਮੰਦ

ੲ) ਨਿਰਾਦਰ ਸ) ਸਤਿਕਾਰ

xi) 'ਹਰਾਮ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੈ -

ੳ) ਹਰਾ - ਹਰਾ ਅ) ਹਰਮਨ - ਪਿਆਰਾ

ੲ) ਹਲਾਲ ਸ) ਨਮਕ

xii) 'ਪੁਆਧੀ' ਉਪਭਾਸ਼ਾ ਨਾਲ ਸੰਬੰਧਿਤ ਜ਼ਿਲ੍ਹਾ ਹੈ -

ੳ) ਰੂਪਨਗਰ (ਰੋਪੜ) ਅ) ਕਪੂਰਥਲਾ

ੲ) ਜਲੰਧਰ ਸ) ਮਾਨਸਾ

**2. ਹੇਠ ਲਿਖੀਆਂ ਖਾਲੀ ਥਾਵਾਂ ਭਰੋ :-** **[6 × 1 = 6]**

i) ਫ਼ਰੀਦਾ ਰਾਤੀਂਏ ਚਿਕੜੁ ਦੂਰਿ ਘਰੁ ..........................................॥

ii) ਭਾਰੇ ਭੁਈ ਅਕਿਰਤਘਣ ....................................................॥

iii) ਇਕ ਰੋਈ ਸੀ ...........................ਤੂੰ ਲਿਖ ਲਿਖ ਮਾਰੇ ਵੈਣ ।

iv) ਗੰਗਾਦੀਨ .......................ਬਣਾਉਣ ਦਾ ਕੰਮ ਕਰਦਾ ਸੀ ।

v) ਉੱਤੇ ਬਗਲੇ ਨ੍ਹਾਉਂਦੇ ਰਹੇ ਅਤੇ ਹੇਠਾਂ ...................ਨਹਾਉਂਦਾ ਰਿਹਾ ।

vi) ਲੇਖਕ ਤੇ ਉਸਦੀ ਭੈਣ ਨੂੰ ਜਰਨੈਲੀ ਸੜਕ .................ਲਗਦੀ ਸੀ ।

**3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **[12 × 1 = 12]**

i) 'ਆਓ ਸਈਓ ਰਲ ਦਿਉ ਨੀ ਵਧਾਈ' ਕਵਿਤਾ ਕਿਸ ਕਵੀ ਦੀ ਰਚਨਾ ਹੈ ?

ii) 'ਫ਼ਰੀਦਾ ਸ਼ਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ' ॥

ਉਪਰੋਕਤ ਤੁਕ ਵਿੱਚ ਆਏ 'ਮਾਖਿਓ' ਸ਼ਬਦ ਦਾ ਅਰਥ ਲਿਖੋ :-

iii) 'ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ' ॥
ਕਾਵਿ ਤੁਕ ਕਿਹੜੀ ਕਵਿਤਾ ਵਿੱਚੋ ਹੈ ?

iv) 'ਅੱਜ ਆਖਾਂ ਵਾਰਿਸ਼ ਸ਼ਾਹ ਨੂੰ' ਕਵਿਤਾ ਵਿੱਚ ਕਵਿੱਤਰੀ ਵਾਰਿਸ਼ ਸ਼ਾਹ ਨੂੰ ਕਿਉ ਯਾਦ ਕਰਦੀ ਹੈ ?

v) ਤ੍ਰਿੰਞਣਾਂ ਭੰਡਾਰਾਂ ਵਿੱਚ, ਵੰਝਲੀ ਤੇ ਵਾਰਾਂ ਵਿੱਚ,
ਮਿੱਠੀ ਤੇ ਸੁਹਾਉਣੀ, ਬੋਲੀ ਹੈ ਪੰਜਾਬੀ ਸਾਡੀ ।
ਉਪਰੋਕਤ ਸਤਰਾਂ ਵਿੱਚ ਆਏ 'ਵੰਝਲੀ' ਸ਼ਬਦ ਦਾ ਅਰਥ ਲਿਖੋ ।

vi) ਮਿਲਖਾ ਸਿੰਘ ਨੂੰ ਕਿਹੜੇ-ਕਿਹੜੇ ਨਾਂ ਨਾਲ ਉਪਮਾ ਦਿੱਤੀ ਜਾਂਦੀ ਹੈ ?

vii) ਗੰਗਾਦੀਨ ਦੀ ਮਾੜੀ ਮਾਲੀ ਹਾਲਤ ਲਈ ਕੌਣ ਸਭ ਤੋਂ ਵੱਧ ਜ਼ਿੰਮੇਵਾਰ ਸੀ ?

viii) 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਲੇਖਕ ਤੇ ਉਸਦੀ ਭੈਣ ਨੂੰ ਰਾਜਾ ਤੇ ਰਾਣੀ ਕਿਹੋ ਜਿਹੇ ਭਾਸਦੇ ਸਨ ?

ix) ਰੇਲ ਗੱਡੀ ਦੇ ਡੱਬੇ ਦਾ ਕੇਂਦਰ ਬਿੰਦੂ ਕੌਣ ਬਣਿਆ ਹੋਇਆ ਸੀ ?

x) ਲਿਪੀ ਕੀ ਹੁੰਦੀ ਹੈ ?

xi) ਲਗਾਖਰ ਕਿਸਨੂੰ ਆਖਦੇ ਹਨ ?

xii) ਅਧਕ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ ?

## <u>ਖੰਡ – ਅ</u>

**(4-15) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **[12 × 2 = 24]**

ਸਮਾਂ ਇੱਕ ਮਹਾਨ ਖ਼ਜ਼ਾਨਾ ਹੈ । ਅਮਰੀਕਾ, ਜਪਾਨ, ਵਿੱਚ ਮੀਂਹ ਹੋਵੇ, ਹਨੇਰਾ ਹੋਵੇ, ਠੰਢ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡਟ ਕੇ ਕੰਮ ਕਰਦਾ ਹੈ । ਦਫ਼ਤਰਾਂ ਵਿੱਚ ਖੇਡਾਂ ਵਿੱਚ, ਕਾਰਖ਼ਕਨਿਆਂ ਵਿੱਚ, ਵਿਸ਼ੇਸ਼ ਛੁੱਟੀਆਂ ਸਾਲ ਵਿੱਚ ਮਸਾਂ ਚਾਰ-ਪੰਜ ਹੁੰਦੀਆਂ ਹਨ । ਸਾਡੇ ਦੇਸ਼ ਵਿੱਚ ਕਿੰਨੀਆਂ ਹੀ ਛੁੱਟੀਆਂ ਕਿੰਨੇ ਥੋੜ੍ਹੇ ਘੰਟੇ ਕੰਮ, ਕਿੰਨਾ ਬੇਦਿਲਾ ਕੰਮ ਤੇ ਫੇਰ ਸਵੇਰੇ-ਸ਼ਾਮ ਧਾਰਮਿਕ ਸਥਾਨਾਂ ਵਿੱਚ ਸ਼ਰਧਾਲੂਆਂ ਦੇ ਇੱਕਠ । ਸਾਧੂਆਂ ਦੀ ਨਿੱਤ ਫੇਰੀ, ਮਰਨੇ-ਜੰਮਣੇ ਤੇ ਵਿਆਹ ਆਦਿ । ਕਿਸੇ ਹੋਰ ਦੇਸ਼ ਵਿੱਚ ਇਹਨਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ । ਲਾਊਡ-ਸਪੀਕਰਾਂ ਉੱਤੇ ਦਿਨ-ਰਾਤ ਧਰਮ ਦੀ ਥਾਂ ਵਹਿਮਾ-ਭਰਮ ਜ਼ਿਆਦਾ ਪ੍ਰਚਾਰੇ ਜਾਂਦੇ ਹਨ । ਹੋਰਨਾਂ ਦੇਸ਼ਾਂ ਵਿੱਚ ਭਾਵੇਂ ਕਿੰਨੀ ਵੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਆਪਣੇ ਕੰਮ ਉੱਤੇ ਪਹੁੰਚ ਜਾਂਦੇ ਹਨ । ਬਾਰ੍ਹਾਂ ਵਜੇ ਤੱਕ ਡਟ ਕੇ ਕੰਮ ਕੀਤਾ ਜਾਂਦਾ ਹੈ । ਕੰਮ ਦੇ ਸਮੇਂ ਵਿਚਕਾਰ ਇੱਕ ਘੰਟਾ ਖਾਣਾ ਖਾਣ ਦੀ ਰੈਸਟ ਕਰਕੇ ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਕੀਤੀ ਜਾਂਦੀ ਹੈ । ਇਸ ਦਾ ਕਾਰਨ ਕਿਹਾ ਜਾ ਸਕਦਾ ਹੈ ਕਿ ਉੱਥੇ ਕੰਮ-ਸੱਭਿਆਚਾਰ ਪ੍ਰੁੱਫੁਲਿਤ ਹੋ ਚੁੱਕਾ ਹੈ । ਇਹੀ ਕਾਰਨ ਹੈ ਕਿ ਉਹਨਾਂ ਦੀ ਪੈਦਾਵਾਰ ਸਾਡੇ ਨਾਲੋਂ ਕਈ ਗੁਣਾ ਵਧੇਰੇ ਹੁੰਦੀ ਹੈ ।

**(4-8) ਉਪਰੋਕਤ ਪੈਰ੍ਹੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :-**

**4.** ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ ।

**5.** ਅਮੀਰਕਾ, ਜਪਾਨ ਵਿੱਚ ਹਰ ਕੋਈ ਕਿਵੇਂ ਕੰਮ ਕਰਦਾ ਹੈ ?

6. ਲਾਊਡ - ਸਪੀਕਰਾਂ ਉੱਤੇ ਦਿਨ-ਰਾਤ ਕੀ ਪ੍ਰਚਾਰਿਆ ਜਾਂਦਾ ਹੈ ?

7. ਦੂਜੇ ਦੇਸ਼ਾਂ ਵਿਚ ਪੈਦਾਵਾਰ ਸਾਡੇ ਨਾਲੋਂ ਕਈ ਗੁਣਾ ਵਧੇਰੇ ਹੋਣ ਦਾ ਪ੍ਰਮੁੱਕ ਕਾਰਨ ਹੈ ?

8. ਔਖੇ ਸ਼ਬਦਾਂ ਦੇ ਅਰਥ ਲਿਖੋ ।

ਸਮਾਂ, ਖ਼ਜ਼ਾਨਾ, ਪੈਦਾਵਾਰ, ਰੈਸਟ ।

9. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ ।

ਉਸਤਤ, ਸਸਤਾ, ਮਿੱਤਰ, ਨੇਕੀ ।

10. 'ਧਰਤੀ' ਅਤੇ 'ਜੰਗ' ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ ।

11. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਹਰ ਇੱਕ ਦੇ ਦੋ-ਦੋ ਵੱਖੇਰ ਅਰਥ ਸਪੱਸ਼ਟ ਹੋ ਜਾਣਾ (ਬਹੁ-ਅਰਥਕ ਸ਼ਬਦ) ।

ਹਾਰ, ਫੁੱਲ ।

12. 'ਮਾਲਵਈ' ਉਪਭਾਸ਼ਾ ਬੋਲਣ ਵਾਲੇ ਚਾਰ ਜ਼ਿਲ੍ਹਿਆਂ ਦੇ ਨਾਂ ਲਿਖੋ ।

13. 'ਉਲਟੇ ਹੋਰ ਜ਼ਮਾਨੇ ਆਏ' ਕਾਫ਼ੀ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ।

14. 'ਸੁਖੀ ਜੀਉਣ ਦੀ ਕੁੰਜੀ' ਕਵਿਤਾ ਕੀ ਸੁਨੇਹਾ ਦਿੰਦੀ ਹੈ ?

15. 'ਮਾਂਝੀ ਕੰਧ' ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

## ਖੰਡ - ੲ

**(16-19) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** [4 × 3 = 12]

16. 'ਦੇਖਿ ਪਰਾਈਆਂ ਚੰਗੀਆਂ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

ਜਾਂ

'ਕਿੱਕਰ' ਕਵਿਤਾ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ ।

17. 'ਫ਼ਲਾਇੰਗ ਸਿੱਖ-ਮਿਲਖਾ ਸਿੰਘ' ਨਿਬੰਧ ਦਾ ਸਾਰ ਸੰਖੇਪ ਕਰਕੇ ਲਿਖੋ ।

ਜਾਂ

'ਕਿਰਤ' ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

18. ਮਹਾਰਾਜਾ ਗੰਗਾ ਸਿੰਘ ਦੇ ਜਨਮ ਅਤੇ ਬਚਪਨ ਦੀ ਜਾਣਕਾਰੀ ਦਿੰਦੇ ਹੋਏ, ਗੰਗ ਨਹਿਰ ਉੱਪਰ ਸੰਖੇਪ ਟਿੱਪਣੀ ਦਿਉ ।

ਜਾਂ

ਗੰਗਾਦੀਨ ਦੇ ਸੁਭਾਅ ਉੱਪਰ ਟਿੱਪਣੀ ਕਰੋ ।

19. 'ਪੇਮੀ ਦੇ ਨਿਆਣੇ' ਜਾਂ 'ਦੁੱਧ ਦਾ ਛੱਪੜ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

## ਖੰਡ – ਸ

**(20-22) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **[4 + 4 + 6 = 14]**

20. ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸ਼ਬਦ ਵਾਜੰਤ ਭੇਰੀ ॥

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।
ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।
iii) 'ਅਨਹਤਾ ਸ਼ਬਦ ਵਾਜੰਤ ਭੇਰੀ' ਕਾਵਿ ਸਤਰ ਦਾ ਭਾਵ ਲਿਖੋ ।
iv) ਔਖੇ ਸ਼ਬਦਾਂ ਦੇ ਅਰਥ ਲਿਖੋ ।
ਦੀਪਕ, ਪਵਣੁ, ਸਗਲ, ਭੇਰੀ ।

ਜਾਂ

ਕੀ ਇਹ ਇਨਸਾਫ਼ ਹਉਮੈ ਦੇ ਪੁੱਤ ਕਰਨਗੇ
ਕੀ ਇਹ ਖ਼ਾਮੋਸ਼ ਪੱਥਰ ਦੇ ਬੁਤ ਕਰਨਗੇ
ਜੋ ਸਲੀਬਾਂ ਤੇ ਟੰਗੇ ਨੇ ਲੱਥਣੇ ਨਹੀਂ
ਰਾਜ ਬਦਲਣਗੇ ਸੂਰਜ ਚੜ੍ਹਨ ਲਹਿਣਗੇ

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।
ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।
iii) 'ਰਾਜ ਬਦਲਣਗੇ ਸੂਰਜ ਚੜ੍ਹਨ ਲਹਿਣਗੇ' ਕਾਵਿ ਸਤਰ ਦਾ ਭਾਵ ਲਿਖੋ ।
iv) ਔਖੇ ਸ਼ਬਦਾਂ ਦੇ ਅਰਥ ਲਿਖੋ ।
ਇਨਸਾਫ਼, ਹਉਮੈ, ਸਲੀਬਾਂ, ਖ਼ਕਮੋਸ਼ ।

**21.** ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਘਰ ਵਿੱਚ ਜ਼ਰੂਰੀ ਕੰਮ ਹੋਣ ਕਾਰਨ ਛੁੱਟੀ ਲਈ ਬਿਨੈ - ਪੱਤਰ ਲਿਖੋ।

ਜਾਂ

ਆਪਣੇ ਮਿੱਤਰ / ਸਹੇਲੀ ਨੂੰ ਪੱਤਰ ਰਾਹੀਂ ਆਪਣੇ ਸਕੂਲ ਵਿੱਚ ਮਨਾਏ ਗਏ ਗਣਤੰਤਰ - ਦਿਵਣ ਦਾ ਹਾਲ ਲਿਖੋ।

**22.** ਕਿਸੇ ਇੱਕ ਵਿਸ਼ੇ ਉਪਰ ਲੇਖ ਲਿਖੋ :

ਸ੍ਰੀ ਗੁਰੂ ਨਾਨਕ ਦੇਵ ਜੀ

ਜਾਂ

ਵਿਸਾਖੀ ਦਾ ਮੇਲਾ

ਜਾਂ

ਸਾਡੀਆਂ ਸਮਾਜਿਕ ਬੁਰਾਈਆਂ

DO NOT WRITE ANYTHING HERE